# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪੀ.ਐੱਸ.ਈ.ਬੀ ਬਿਲਡਿੰਗ, ਈ-ਬਲਾਕ, ਪੰਜਵੀ ਮੰਜ਼ਿਲ, ਫੇਜ-8, ਮੋਹਾਲੀ

ਟੈਲੀਫੋਨ: 0172-2210019, ਈ-ਮੇਲ: mdmpunjab@punjabeducation.gov.in

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)

ਪੰਜਾਬ ਰਾਜ।

ਮੀਮੋ ਨੰ. ਐਮ.ਡੀ.ਐਮ.ਐੱਸ/ਜੀ.ਐਮ/2023/198633

ਮਿਤੀ : 18/07/2023

ਵਿਸ਼ਾ: ਮਿਤੀ 17.07.2023 ਤੋ ਪੰਜਾਬ ਰਾਜ ਦੇ ਸਕੂਲਾਂ ਵਿੱਚ ਮਿਡ ਡੇ ਮੀਲ ਦੇਣ ਸਬੰਧੀ।

ਹਵਾਲਾ: ਮੁੱਖ ਦਫਤਰ ਪੱਤਰ ਨੰ. ਐਮ.ਡੀ.ਐਮ.ਐੱਸ/ਜੀ.ਐਮ/2023/195675 ਮਿਤੀ 16.07.2023

1.0 ਉਕਤ ਹਵਾਲਾ ਅਧੀਨ ਪੱਤਰ ਰਾਂਹੀ ਆਪ ਨੂੰ ਸੂਚਿਤ ਕੀਤਾ ਗਿਆ ਸੀ ਕਿ ਪਿਛਲੇ ਕੁਝ ਦਿਨਾਂ ਵਿੱਚ ਪੰਜਾਬ ਰਾਜ ਵਿੱਚ ਤੇਜ ਮੀਂਹ ਪੈਣ ਕਾਰਨ ਪਾਣੀ ਘਰਾਂ ਦੇ ਨਾਲ ਨਾਲ ਸਕੂਲਾਂ ਦੀਆਂ ਬਿਲਡਿੰਗਾ ਵਿੱਚ ਵੀ ਆ ਗਿਆ, ਜਿਸ ਦੇ ਨਤੀਜੇ ਵੱਜੋ ਪੀ.ਐਮ.ਪੋਸ਼ਣ ਸਕੀਮ ਅਧੀਨ ਸਕੂਲਾਂ ਵਿੱਚ ਮਿਡ ਡੇ ਮੀਲ ਤਿਆਰ ਕਰਨ ਹਿੱਤ ਰੱਖੇ ਗਏ ਅਨਾਜ ਅਤੇ ਸਾਜੋ ਸਮਾਨ ਖਰਾਬ ਹੋਣ ਦਾ ਖਦਸਾ ਹੈ ਅਤੇ ਜੇਕਰ ਕਿਸੇ ਸਕੂਲ ਵਿੱਚ ਰੱਖਿਆ ਗਿਆ ਅਨਾਜ ਖਰਾਬ ਹੋਇਆ ਹੋਵੇ ਅਤੇ ਉਹ ਅਨਾਜ ਨਾ ਵਰਤਣਯੋਗ ਹੈ ਤਾਂ ਉਸ ਨੂੰ ਸਹੀ ਤਰੀਕੇ ਨਾਲ ਖਤਮ ਕਰਨਾ ਲਾਜਮੀ ਹੈ ਜਿਸ ਹਿੱਤ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਆਪ ਨੂੰ ਹੇਠ ਲਿਖੇ ਅਨੁਸਾਰ ਲਿਖਿਆ ਪ੍ਰੋਸੀਜਰ ਨੂੰ ਅਪਣਾਇਆ ਜਾਣਾ ਯਕੀਨੀ ਬਣਾਇਆ ਜਾਵੇ :-

I. **ਸਕੂਲ ਮੁੱਖੀ ਦੀ ਇਹ ਜਿੰਮੇਵਾਰੀ ਲਗਾਈ ਜਾਂਦੀ ਹੈ ਕਿ ਉਹ ਸਭ ਤੋ ਪਹਿਲਾ ਚੈੱਕ ਕਰੇ ਕੀ ਅਨਾਜ ਵਰਤਣਯੋਗ ਹੈ ਜਾਂ ਨਹੀ?**

II. **ਜੇਕਰ ਅਨਾਜ ਵਰਤਣਯੋਗ ਨਹੀ ਹੈ ਤਾਂ ਉਸ ਸਬੰਧੀ ਐੱਸ.ਐਮ.ਸੀ ਨੂੰ ਸੂਚਿਤ ਕੀਤਾ ਜਾਵੇ ਅਤੇ ਉਸ ਖਰਾਬ ਹੋਏ ਅਨਾਜ ਦੀ ਵੀਡਿਓਗ੍ਰਾਫੀ ਕੀਤੀ ਜਾਵੇ ਅਤੇ ਕਿੰਨੀ ਮਾਤਰਾ ਵਿੱਚ ਅਨਾਜ ਖਰਾਬ ਹੋਇਆ ਹੈ ਉਸ ਸਬੰਧੀ ਪੂਰੇ ਵੇਰਵੇ ਐੱਸ.ਐਮ.ਸੀ ਮੈਬਰਾਂ ਦੀ ਮੋਜੂਦਗੀ ਵਿੱਚ ਤਿਆਰ ਕੀਤੇ ਜਾਣ ਅਤੇ ਮਤਾ ਪਾ ਕੇ ਹੀ ਇਸ ਅਨਾਜ ਨੂੰ ਖਤਮ ਕਰਨ ਸਬੰਧੀ ਫੈਸਲਾ ਲਿਆ ਜਾਵੇ।**

III. **ਖਰਾਬ ਹੋਏ ਅਨਾਜ ਨੂੰ ਖਤਮ ਕਰਨ ਦੀ ਵੀ ਵੀਡਿਓਗ੍ਰਾਫੀ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਲੋੜ ਪੈਣ ਤੇ ਇਸ ਸਬੰਧੀ ਵਾਚਿਆ ਜਾ ਸਕੇ।**

IV. **ਸਕੂਲ ਮੁੱਖੀ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਖਰਾਬ ਹੋਏ ਅਨਾਜ ਦੀ ਵੀਡਿਓਗ੍ਰਾਫੀ ਦੇ ਨਾਲ ਨਾਲ ਪੂਰਨ ਰਿਕਾਰਡ ਦੇ ਵੇਰਵਿਆਂ ਸਹਿਤ ਬਲਾਕ ਨੂੰ ਲਿਖਤੀ ਤੋਰ ਤੇ ਸੂਚਿਤ ਕਰੇ ਕਿ ਕਿੰਨੀ ਮਾਤਰਾਂ ਵਿੱਚ ਅਨਾਜ ਖਰਾਬ ਹੋਇਆ ਹੈ, ਜੇਕਰ ਸਕੂਲ ਮੁੱਖੀ ਵੱਲੋ ਅਜਿਹਾ ਨਹੀ ਕੀਤਾ ਜਾਂਦਾ ਤਾਂ ਭਵਿੱਖ ਵਿੱਚ ਭਰਪਾਈ ਨਾ ਹੋਣ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।**

V. **ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋ ਹਰੇਕ ਸਕੂਲ ਵੱਲੋ ਪ੍ਰਾਪਤ ਦਸਤਾਵੇਜਾਂ ਦਾ ਰਿਕਾਰਡ ਰੱਖਿਆ ਜਾਣਾ ਯਕੀਨੀ ਬਣਾਇਆ ਜਾਵੇਗਾ ਅਤੇ ਬੀ.ਪੀ.ਈ.ਓ ਇਹ ਸੁਨਿਸਚਿਤ ਕਰੇਗਾ ਕਿ ਕਿਸ ਕਿਸ ਸਕੂਲ ਦਾ ਕਿੰਨਾ ਨੁਕਸਾਨ ਹੋਇਆ ਹੈ ਅਤੇ ਉਸਦੇ ਪੂਰਨ ਰਿਕਾਰਡ**

ਸਹਿਤ ਵੇਰਵੇ ਜਿਲ੍ਹਾ ਦਫਤਰ ਵਿਖੇ ਜਮਾਂ ਕਰਵਾਏਗਾ ਅਤੇ ਜਿਲ੍ਹਾ ਪੱਧਰ ਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਵੱਲੋ ਸਮੂਹ ਬਲਾਕਾਂ ਤੋ ਇਹ ਸੂਚਨਾ ਪ੍ਰਾਪਤ ਹੋਣ ਉਪਰੰਤ ਰਿਕਾਰਡ ਆਪਣੀ ਨਿਗਰਾਨੀ ਹੇਠ ਤਿਆਰ ਕਰਵਾਇਆ ਜਾਵੇਗਾ ਅਤੇ ਇਸ ਨੂੰ ਪੂਰਨ ਵੇਰਵਿਆਂ ਅਤੇ ਦਸਤਾਵੇਜਾਂ ਸਹਿਤ ਮੁੱਖ ਦਫਤਰ ਨੂੰ ਜਮਾਂ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ, ਜੇਕਰ ਕਿਸੇ ਵੀ ਪੱਧਰ ਤੇ ਕੋਈ ਵੀ ਅਣਗਹਿਲੀ ਵਰਤੀ ਜਾਂਦੀ ਹੈ ਤਾਂ ਨਿਰੋਲ ਜਿੰਮੇਵਾਰੀ ਸਬੰਧਤ ਦੀ ਹੋਵੇਗੀ।
(ਮੁਫ਼ਤ ਵਿਤਰਨ ਨਾਲ ਭੇਜਣ ਸਬੰਧੀ ਪ੍ਰੋਫਾਰਮਾ ਨਾਲ ਨੱਥੀ ਕੀਤਾ ਜਾਂਦਾ ਹੈ ਜੀ) Flag "A'

2.0 ਉਕਤ ਤੋ ਇਲਾਵਾ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਸਮੇਂ ਸਮੇਂ ਤੇ ਸਿਹਤ ਵਿਭਾਗ ਵੱਲੋ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਕਿਉਂਕਿ ਜਿਆਦਾਤਰ ਥਾਂ ਥਾਂ ਤੇ ਸਕੂਲਾਂ ਵਿੱਚ ਪਾਣੀ ਖੜ ਜਾਣ ਕਾਰਨ ਮੱਛਰ ਪੈਦਾ ਹੋਣ ਦਾ ਖਤਰਾ ਰਹਿੰਦਾ ਹੈ ਅਤੇ ਪਾਣੀ ਦੀਆਂ ਟੈਂਕੀਆਂ ਆਦਿ ਦੀ ਸਾਫ ਸਫਾਈ ਅਤੇ ਮਿਡ ਡੇ ਮੀਲ ਤਿਆਰ ਕਰਨ ਵਾਲੀ ਕਿਚਨ ਵਿੱਚ ਸਾਫ ਸਫਾਈ ਦਾ ਧਿਆਨ ਰੱਖਿਆ ਜਾਵੇ, ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਵਿਦਿਆਰਥੀਆਂ ਨੂੰ ਸਾਫ ਸੁਥਰਾ ਅਤੇ ਪੋਸ਼ਟਿਕ ਮਿਡ ਡੇ ਮੀਲ ਮਿਲ ਰਿਹਾ ਹੈ।

ਉਕਤ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਜਨਰਲ ਮੈਨੇਜਰ

ਪਿ.ਅੰ.ਨੰ. ਮੀਮੋ ਨੰ. ਐਮ.ਡੀ.ਐਮ.ਐੱਸ/ਜੀ.ਐਮ/2023/198634 ਮਿਤੀ : 18/07/2023

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਕੀਤਾ ਜਾਂਦਾ ਹੈ ਜੀ:

1) ਪੀ.ਏ / ਵਿਸ਼ੇਸ ਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ।
2) ਸਮੂਹ ਡਿਪਟੀ ਕਮਿਸ਼ਨਰਜ਼, ਪੰਜਾਬ।
3) ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ ਅਤੇ ਐ.ਸਿ), ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਉਹ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਨਾਲ ਤਾਲਮੇਲ ਕਰਕੇ ਉਪਰੋਕਤ ਹਦਾਇਤਾਂ ਨੂੰ ਅੱਜ ਹੀ ਲਾਗੂ ਕਰਵਾਉਣਾ ਯਕੀਨੀ ਬਣਾਉਣ।
4) ਸਮੂਹ ਸਕੂਲ ਮੁਖੀ (ਵੈਬਸਾਇਟ ਰਾਹੀਂ)

ਜਨਰਲ ਮੈਨੇਜਰ

**<u>ਮੀਂਹ ਕਾਰਨ ਪਾਣੀ ਦਾ ਪੱਧਰ ਵੱਧਣ ਦੇ ਨਤੀਜੇ ਵੱਜੋ ਪੀ.ਐਮ. ਪੋਸ਼ਣ (ਮਿਡ ਡੇ ਮੀਲ) ਸਕੀਮ ਅਧੀਨ ਖਰਾਬ ਹੋਏ ਸਮਾਨ ਦਾ ਵੇਰਵਾ</u>**

| SN | District Name | Block Name | School Name | School Type (Primary, Upper Primary, Middle, Secondary or Sen Seconday etc) | Balance of Foodgrains as per record as on last working day before school Holidays (ਸਕੂਲ ਲੱਗਣ ਤੋ ਪਹਿਲਾਂ ਅਨਾਜ ਦੇ ਬਕਾਏ ਜੋ ਕੇ ਛੁੱਟੀਆਂ ਹੋਣ ਤੋ ਪਹਿਲਾਂ ਦੇ ਅੰਤਿਮ ਵਰਕਿੰਗ ਦਿਨ ਤੇ ਸਨ ਰਿਕਾਰਡ ਅਨੁਸਾਰ) | | | ਖਰਾਬ ਹੋਏ ਸਮਾਨ ਦਾ ਵੇਰਵਾ (ਜੋ ਕਿ ਐੱਸ.ਐਮ.ਸੀ ਤੋ ਪ੍ਰਵਾਨਤ ਹੈ ਅਤੇ ਮਤਾ ਪਾ ਕੇ ਰਿਕਾਰਡ ਵਿੱਚ ਦਰਜ ਹੈ) | | | ਕੋਈ ਹੋਰ ਸਾਜੋ ਸਮਾਨ ਖਰਾਬ ਹੋਇਆ ਹੋਵੇ ਤਾਂ ਉਸਦਾ ਵੇਰਵਾ (ਜਿਵੇ ਕਿ ਮਸਾਲੇ, ਦਾਲਾਂ, ਨਮਕ, ਘੀ, ਤੇਲ ਅਤੇ ਹੋਰ ਰਸੋਈ ਦਾ ਸਮਾਨ ਆਦਿ) | ਹੋਰ ਖਰਾਬ ਹੋਏ ਸਮਾਨ ਦੀ ਕੀਮਤ (ਕਿੰਨੀ ਲਾਗਤ ਦਾ ਨੁਕਸਾਨ ਹੋਇਆ ਹੈ) | ਪੀ.ਐਮ ਪੋਸ਼ਣ ਸਕੀਮ ਨਾਲ ਸਬੰਧਤ ਕੋਈ ਹੋਰ ਨੁਕਸਾਨ ਦਾ ਵੇਰਵਾ ਜੇਕਰ ਕੋਈ ਹੈ ਤਾਂ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|
| | | | | | **(In Quintals)** | | | **(In Quintals)** | | | | | | |
| | | | | | Rice (ਚਾਵਲ) | Wheat (ਕਣਕ) | Total | Rice (ਚਾਵਲ) | Wheat (ਕਣਕ) | Total | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |